ਦੇਸ਼ ਸੇਵਕ
ਚੰਡੀਗੜ੍ਹ, ਐਤਵਾਰ 3 ਸਤੰਬਰ, 2000

# ਭਗਤ ਸਿੰਘ ਦੇ ਪੈਰੋਕਾਰਾਂ ਦੇ ਫ਼ਰਜ਼

ਵਿਚਾਰ-ਚਰਚਾ

ਗੁਰਸ਼ਰਨ ਸਿੰਘ



ਸ੍ਰ. ਗੁਰਤੇਜ ਸਿੰਘ ਸਾਬਕਾ ਆਈ.ਏ.ਐਸ. ਨੇ (ਸਿਰਦਾਰ) ਕਪੂਰ ਸਿੰਘ ਦੀ ਕਿਤਾਬ 'ਸਾਚੀ ਸਾਖੀ' ਵਿਚੋਂ ਇੱਕ ਅੰਸ਼ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਵਿਚ ਪ੍ਰੈੱਸ ਨਾਲ ਸਾਂਝਾ ਕੀਤਾ ਹੈ। ਇਸ ਅਨੁਸਾਰ (ਸਿਰਦਾਰ) ਕਪੂਰ ਸਿੰਘ ਭਗਤ ਸਿੰਘ ਅਤੇ ਲਾਲਾ ਲਾਜਪਤ ਰਾਏ ਨੂੰ ਸ਼ਹੀਦ ਨਹੀਂ ਮੰਨਦੇ ਸਨ। ਉਨ੍ਹਾਂ ਦੀ ਇਸ ਕਰਨੀ ਕਰਕੇ ਅਸੀਂ, ਜਿਹੜੇ ਭਗਤ ਸਿੰਘ ਦੇ ਸਮਰਥਕ ਹਾਂ, ਬਹੁਤ ਗੁੱਸੇ ਵਿਚ ਹਾਂ, ਪਰ ਇਹਦੇ ਵਿਚ ਗੁੱਸੇ ਅਤੇ ਹੈਰਾਨੀ ਵਾਲੀ ਕੋਈ ਗੱਲ ਨਹੀਂ। ਭਗਤ ਸਿੰਘ ਇੱਕ ਵਿਸ਼ੇਸ਼ ਵਿਚਾਰਧਾਰਾ ਦਾ ਧਾਰਨੀ ਸੀ। ਉਸ ਵਿਚਾਰਧਾਰਾ ਕਰਕੇ ਹੀ ਉਹਨੇ ਜੰਗ-ਏ-ਆਜ਼ਾਦੀ ਵਿਚ ਸ਼ਹਾਦਤ ਪਾਈ ਅਤੇ ਫਾਂਸੀ ਦੇ ਤਖ਼ਤੇ 'ਤੇ 'ਇਨਕਲਾਬ ਜਿੰਦਾਬਾਦ' ਦਾ ਨਾਅਰਾ ਬੁਲੰਦ ਕੀਤਾ। (ਸਿਰਦਾਰ) ਕਪੂਰ ਸਿੰਘ ਬੁਨਿਆਦੀ ਤੌਰ 'ਤੇ ਸਿੱਖ ਮੂਲਵਾਦ ਫ਼ਲਸਫ਼ੇ ਦੇ ਧਾਰਨੀ ਸਨ। ਉਨ੍ਹਾਂ ਦੀ ਨਾਸਤਿਕ ਭਗਤ ਸਿੰਘ ਜਾਂ ਉਹਦੀ ਵਿਚਾਰਧਾਰਾ ਨਾਲ ਨੇੜੇ ਦੀ ਵੀ ਸਾਂਝ ਨਹੀਂ ਹੋ ਸਕਦੀ। ਉਹ ਭਲਾ ਭਗਤ ਸਿੰਘ ਨੂੰ ਸ਼ਹੀਦੇ ਆਜ਼ਮ ਜਾਂ ਸ਼ਹੀਦ ਹੀ ਕਿਸ ਤਰ੍ਹਾਂ ਮੰਨ ਸਕਦੇ ਹਨ? ਆਪਣੇ ਆਪ ਵਿਚ ਇਹ ਚੰਗੀ ਗੱਲ ਹੈ, ਇਹ ਲਕੀਰ ਖਿੱਚੀ ਹੀ ਜਾਣੀ ਚਾਹੀਦੀ ਹੈ।

ਭਗਤ ਸਿੰਘ ਫ਼ਲਸਫ਼ੇ ਦੇ ਤੌਰ 'ਤੇ ਇਕ ਨਾਸਤਿਕ ਸੀ। ਸਮਾਜ ਦੇ ਸਾਰੇ ਵਰਤਾਰੇ ਵਿਚ ਇਨਕਾਬੀ ਤਬਦੀਲੀਆਂ ਲਿਆਉਣ ਦਾ ਉਹ ਚਾਹਵਾਨ ਸੀ। ਨਾਸਤਿਕਤਾ ਦਾ ਫ਼ਲਸਫ਼ਾ ਆਪਣੇ ਆਪ ਵਿਚ ਤਰਕਸ਼ੀਲਤਾ ਵਾਲਾ ਮਹਾਨ ਫ਼ਲਸਫ਼ਾ ਹੈ। ਇਹ ਫ਼ਲਸਫ਼ਾ ਹੀ ਉਹਦਾ ਪ੍ਰੇਰਨਾ ਸਰੋਤ ਸੀ। ਇਹ ਕਿਸੇ ਧਾਰਮਿਕ ਫ਼ਲਸਫ਼ੇ ਤੋਂ ਨੀਵਾਂ, ਘਟੀਆ ਜਾਂ ਦੂਜੇ ਦਰਜੇ 'ਤੇ ਆਉਣ ਵਾਲਾ ਨਹੀਂ। ਇਸ ਥੜ੍ਹੇ 'ਤੇ ਖਲੋਕੇ ਰੱਬ ਦੀ ਹੋਂਦ ਨਾਲ ਜੁੜੇ ਕਿਸੇ ਵੀ ਧਾਰਮਿਕ ਫ਼ਲਸਫ਼ੇ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਧਾਰਮਿਕ ਫ਼ਲਸਫ਼ਾ ਰੱਬਵਾਦ ਦਾ ਹੋਣ ਕਰਕੇ ਸਮਾਜ ਦੀਆਂ ਸਾਰੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਰੱਬ ਦੀ ਟੇਕ ਰੱਖਦਾ ਹੈ, ਪਰ ਨਾਸਤਿਕਤਾ ਦਾ ਫ਼ਲਸਫ਼ਾ ਇਨ੍ਹਾਂ ਨੂੰ ਗ਼ਲਤ ਸਮਾਜ ਦੀ ਦੇਣ ਸਮਝਕੇ ਸਮਾਜ ਨੂੰ ਬਦਲਣ ਵਾਲਾ ਪ੍ਰੇਰਨਾ ਅਤੇ ਇਰਾਦਾ ਦੇਂਦਾ ਹੈ। (ਸਿਰਦਾਰਾਂ) ਨੂੰ ਇਸ ਸਮਾਜ ਵਿਚ ਕੋਈ ਤਕਲੀਫ਼ ਨਹੀਂ। ਰੱਜੇ-ਪੁੱਜੇ ਉਹ ਇਸ ਸਮਾਜ ਦੀਆਂ ਸਾਰੀਆਂ ਸਹੂਲਤਾਂ ਮਾਣਦੇ ਹਨ।

ਉਨ੍ਹਾਂ ਨੂੰ ਤਕਲੀਫ਼ ਉਨ੍ਹਾਂ ਦੀ ਸ਼ਾਵਨਵਾਦੀ ਸੋਚ ਕਰਕੇ ਹੈ। ਇਨ੍ਹਾਂ ਸਿੱਖਾਂ ਨੂੰ (ਸਾਫ਼ ਮਤਲਬ ਹੈ ਕਿ ਸਿਰਦਾਰਾਂ ਨੂੰ) ਸੱਤਾ ਵਿਚ ਬਣਦੀ ਥਾਂ ਨਹੀਂ ਮਿਲੀ, ਇਸ ਕਰਕੇ ਹੈ, ਜਿਸਦੇ ਉਹ ਆਪਣੇ-ਆਪ ਨੂੰ ਖਾਹਮਖਾਹ ਹੱਕਦਾਰ ਸਮਝਦੇ ਹਨ। ਇਸਦੇ ਉਲਟ ਭਗਤ ਸਿੰਘ ਦੇ ਸਮਰਥਕਾਂ ਦੇ ਸੰਘਰਸ਼ ਦਾ ਪ੍ਰੇਰਨਾ ਸਰੋਤ ਇਹ ਤੱਥ ਹੈ ਕਿ ਇਸ ਸਮਾਜ ਵਿਚ ਬਰਾਬਰੀ ਨਹੀਂ। ਥੁੜ੍ਹੇ ਹੋਏ ਲੋਕਾਂ ਨੂੰ ਅੱਗੇ ਵਧਣ ਦੀਆਂ ਬਰਾਬਰ ਦੀਆਂ ਸਹੂਲਤਾਂ ਨਹੀਂ। ਇਸ ਲਈ ਸਾਫ਼ ਹੈ ਕਿ (ਸਿਰਦਾਰ) ਇੱਕ ਸਿਰੇ 'ਤੇ ਖਲੋਤੇ ਹਨ ਅਤੇ ਭਗਤ ਸਿੰਘ ਦੇ ਸਮਰਥਕ ਦੂਜੇ ਸਿਰੇ 'ਤੇ ਖਲੋਤੇ ਹਨ। ਉਨ੍ਹਾਂ ਦੀ ਕੋਈ ਸਾਂਝ ਨਹੀਂ। (ਸਿਰਦਾਰ) ਸ਼ਬਦ ਬਰੈਕਟ ਵਿਚ ਲਿਖਿਆ ਜਾ ਰਿਹਾ ਹੈ ਕਿਉਂਕਿ ਇਹ ਵੀ ਆਪਣੇ-ਆਪ ਵਿਚ ਫ਼ੂਕ ਹੈ ਕਿ ਹੋਰ ਸਿਰਫ਼ ਸਰਦਾਰ ਹੁੰਦੇ ਹਨ। ਇਹ ਸਿਰਦਾਰ ਹਨ।

ਸਾਫ਼ ਹੈ ਕਿ ਸਿਰਦਾਰਾਂ ਦੇ ਫ਼ਿਕਰ ਹੋਰ ਹਨ ਅਤੇ ਇਨਕਲਾਬੀਆਂ ਦੇ ਫ਼ਿਕਰ ਹੋਰ ਹਨ। ਭਗਤ ਸਿੰਘ ਦੇ ਸਮਰਥਕਾਂ ਨੇ ਪੱਕੇ ਹੋ ਕੇ ਅਤੇ ਉਹਦੀ ਵਿਚਾਰਧਾਰਾ ਨਾਲ ਲੈੱਸ ਹੋ ਕੇ ਉਹਦੇ ਇਨਕਲਾਬੀ ਮਿਸ਼ਨ ਨੂੰ ਅੱਗੇ ਲਿਜਾਣਾ ਹੈ। ਇਸ ਤੱਥ ਤੋਂ ਕੋਈ ਵੀ (ਸਿਰਦਾਰ ਨਹੀਂ) ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬ ਵਿਚ ਅਤੇ ਵਿਸ਼ਵ ਭਰ ਵਿਚ ਭਗਤ ਸਿੰਘ ਨੂੰ ਜੰਗ-ਏ-ਆਜ਼ਾਦੀ ਦਾ ਸਿਰਮੌਰ ਸ਼ਹੀਦ ਮੰਨਿਆ ਜਾਂਦਾ ਹੈ। ਪੰਜਾਬ ਵਿਚ ਉਹਦੀ ਮਕਬੂਲੀਅਤ ਦਾ ਕੋਈ ਸਾਨੀ ਨਹੀਂ। ਹਰ ਘਰ ਵਿਚ ਉਹਦੀ ਤਸਵੀਰ, ਪੇਂਟਿੰਗ ਜਾਂ ਕੈਲੰਡਰ ਵਾਲੀ ਤਸਵੀਰ ਮਿਲਦੀ ਹੈ। 23 ਮਾਰਚ ਦੇ ਆਲੇ-ਦੁਆਲੇ ਬੇਸ਼ੁਮਾਰ ਸਮਾਗਮ ਉਹਦੀ ਯਾਦ ਨੂੰ ਸਮਰਪਿਤ ਕਰਕੇ ਕੀਤੇ ਜਾਂਦੇ ਹਨ। ਉਹਦੇ ਜੀਵਨ ਸਿਧਾਂਤ ਨਾਲ ਜੁੜੇ ਨਾਟਕ, ਛਿਪਣ ਤੋਂ ਪਹਿਲਾਂ 'ਇਨਕਲਾਬ ਜਿੰਦਾਬਾਦ', 'ਬੁੱਤ ਜਾਗ ਪਿਆ', 'ਸ਼ਹੀਦ ਦੀ ਵਾਪਸੀ' ਆਦਿਕ ਥਾਂ-ਥਾਂ 'ਤੇ ਖੇਡੇ ਜਾਂਦੇ ਹਨ। 'ਪੱਗ ਤੇ ਟੋਪੀ' ਦੇ ਵਿਵਾਦ ਨੂੰ ਪਰ੍ਹੇ ਸੁੱਟਦੇ ਹੋਏ ਉਹਦੇ ਸੈਕੂਲਰ ਮਿਸ਼ਨ ਬਾਰੇ ਗੱਲ ਕੀਤੀ ਜਾਂਦੀ ਹੈ। ਉਸ ਨੂੰ ਇਕ ਇਨਕਲਾਬੀ ਦੇ ਤੌਰ 'ਤੇ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਉਹਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਦੀ ਸਹੁੰ ਚੁੱਕੀ ਜਾਂਦੀ ਹੈ।

ਭਗਤ ਸਿੰਘ ਦੇ ਸਮਰਥਕਾਂ ਜਾਂ ਪੈਰੋਕਾਰਾਂ ਦਾ ਫ਼ਰਜ਼ ਹੈ ਕਿ ਉਹ ਭਗਤ ਸਿੰਘ ਦੀ ਵਿਚਾਰਧਾਰਾ ਦੀ ਪਹਿਰੇਦਾਰੀ ਕਰਨ। ਇਹ ਇਕ ਸ਼ੁਭ ਗੱਲ ਹੈ ਕਿ ਉਹਦੇ ਵਿਚਾਰ ਇਕ ਕਿਤਾਬ 'ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ' (ਸੰਪਾਦਕ ਜਗਮੋਹਨ ਸਿੰਘ) ਵਿਚ ਸਾਂਭੇ ਗਏ ਹਨ। ਇਸ ਕਿਤਾਬ ਦੀ ਪਹਿਲੀ ਐਡੀਸ਼ਨ 1985 ਵਿਚ ਰੈਡੀਕਲ ਪ੍ਰਕਾਸ਼ਨ ਵੱਲੋਂ ਛਾਪੀ ਗਈ ਸੀ। ਇਹਦੀ ਸੋਧੀ ਹੋਈ ਤੀਜੀ ਐਡੀਸ਼ਨ ਚੇਤਨਾ ਪ੍ਰਕਾਸ਼ਨ, ਲੁਧਿਆਣਾ ਵੱਲੋਂ ਹੁਣੇ-ਹੁਣੇ ਛਪੀ ਸਾਡੇ ਕੋਲ ਹੈ। ਭਗਤ ਸਿੰਘ ਸ਼ਹੀਦ ਸੀ ਜਾਂ ਨਹੀਂ, ਇਹਦਾ ਫ਼ੈਸਲਾ ਸਿਰਦਾਰ ਕਪੂਰ ਸਿੰਘ ਨੇ ਨਹੀਂ ਕਰਨਾ, ਸਗੋਂ ਉਹਦੇ ਪੈਰੋਕਾਰਾਂ ਨੇ ਕਰਨਾ ਹੈ, ਜਿਨ੍ਹਾਂ ਨੇ ਉਹਦੇ ਇਨਕਲਾਬ ਦੇ ਮਿਸ਼ਨ ਨੂੰ ਇਕ ਇਤਿਹਾਸਕ ਸਚਾਈ ਬਣਾਉਣਾ ਹੈ।